Ph.: 01874-221463,221464,221537
Fax : 01874-221463

# BEANT COLLEGE OF ENGINEERING & TECHNOLOGY

(Established by Govt. Of Punjab)
POST BOX NO. 13, GURDASPUR-143 521

Ref. No. BCET/2578 Dated: 12/8/11

The Director,
Technical Education & Industrial Training, Punjab,
Chandigarh.

Subject: **Regarding meeting of Society of Beant College of Engineering & Technology, Gurdaspur to be held at Punjab Bhawan, Sector-3, Chandigarh on dated 18.8.2011 at 4:00 PM.**

Respected Sir,

As per the instructions of Punjab Govt. vide Memo No.1697/S-I/ECC/2011 dated 12.8.2011 regarding constitution of Board of Governors as per guidelines of National Project Implementation Unit (NPIU) under TEQIP-II, above said meeting is to be held at Punjab Bhawan, Sector-3, Chandigarh on dated 18.8.2011 at 4:00 PM. Your goodself being the member of society, are requested to make it convenient to attend the above meeting.

PRINCIPAL

Encls: Agenda

# ਏਜੰਡਾ

**Subject: TEQIP-II Selection of Institutions under Sub-Component 1.1 of TEQIP-II- Reg.**

ਭਾਰਤ ਸਰਕਾਰ ਵੱਲੋਂ ਵਰਲਡ ਬੈਂਕ ਦੀ ਸਹਾਇਤਾ ਨਾਲ ਚਲਾਏ ਜਾ ਰਹੇ ਟੈਕਨੀਕਲ ਐਜੂਕੇਸ਼ਨ ਕੁਆਲਟੀ ਇੰਪਰੂਵਮੈਂਟ ਪ੍ਰੋਗਰਾਮ ਫੇਜ-2 (TEQIP-II) ਸਾਲ 2011-15 ਤੱਕ ਸ਼ੁਰੂ ਕੀਤਾ ਗਿਆ ਹੈ, ਇਸ ਪ੍ਰੋਗਰਾਮ ਵਿੱਚ ਵਿਭਾਗ ਦੀ ਬੇਨਤੀ ਤੇ ਪੰਜਾਬ ਰਾਜ ਨੂੰ ਸ਼ਾਮਿਲ ਕੀਤਾ ਹੋਇਆ ਹੈ। ਇਸ ਪ੍ਰੋਗਰਾਮ ਤੇ ਅਮਲ ਭਾਰਤ ਸਰਕਾਰ ਅਤੇ ਵਰਲਡ ਬੈਂਕ ਦੁਆਰਾ ਪਹਿਲਾਂ ਤੋਂ ਤਹਿਸ਼ੁਦਾ ਪ੍ਰੋਗਰਾਮ ਇੰਪਲੀਮੈਂਟ ਅਰੈਂਜਮੈਂਟ ਅਨੁਸਾਰ ਕੀਤਾ ਜਾਣਾ ਹੈ। ਇਸ ਪ੍ਰੋਗਰਾਮ ਵਿੱਚ ਸੂਬੇ ਦੇ ਸਰਕਾਰੀ ਅਤੇ ਗੈਰ ਸਰਕਾਰੀ ਇੰਜਨੀਅਰਿੰਗ ਕਾਲਜਾਂ ਨੂੰ ਹੇਠ ਅਨੁਸਾਰ ਦੋਹਰੇ ਮੰਤਵ ਲਈ ਕਵਰ ਕੀਤਾ ਜਾਣਾ ਹੈ:-

(ੳ) ਕਾਲਜਾਂ ਦੇ ਗਰੈਜੂਏਟ ਵਿਦਿਆਰਥੀਆਂ ਦੀ ਨੌਕਰੀ ਪ੍ਰਾਪਤ ਕਰਨ ਦੀ ਸਮਰੱਥਾ ਦੀ ਕੁਆਲਿਟੀ ਅਤੇ ਮਿਆਰ ਨੂੰ ਉਚਾ ਚੁੱਕਣਾ (ਸਬ ਕੰਪੋਨੈਂਟ 1.1)

(ਅ) ਪੋਸਟ ਗਰੈਜੂਏਟ ਲੈਵਲ ਤੇ ਤਕਨੀਕੀ ਸਿਖਿਆ ਸਬੰਧੀ ਰੀਸਰਚ ਅਤੇ ਵਿਕਾਸ ਦੇ ਕੰਮਾਂ ਵਿੱਚ ਹੋਰ ਵਾਧਾ ਕਰਨਾ। (ਸਬ ਕੰਪੋਨੈਂਟ 1.2)

ਉਪਰੋਕਤ ਮੁਤਾਬਿਕ ਵਿਭਾਗ ਵੱਲੋਂ ਖੁੱਲੇ ਇਸ਼ਤਿਹਾਰ ਰਾਹੀਂ ਕਾਲਜਾਂ/ਯੂਨੀਵਰਸਿਟੀਆਂ ਤੋਂ ਪ੍ਰੋਗਰਾਮ 1.1 ਅਤੇ 1.2 ਤਹਿਤ ਤਜਵੀਜਾਂ ਮੰਗੀਆਂ ਗਈਆਂ ਸਨ। ਪ੍ਰੋਗਰਾਮ 1.1 ਦੇ ਤਹਿਤ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵੱਲੋਂ **Institutional Eligible Proposals (IEPs)** ਜਮ੍ਹਾਂ ਕਰਵਾਈਆਂ ਗਈਆਂ ਸਨ।

ਇਹਨਾਂ ਪਰਪੋਜਲਾਂ ਨੂੰ National Project Implementation Unit (NPIU)/ MHRD ਵੱਲੋਂ ਵਿਚਾਰਿਆ ਗਿਆ ਅਤੇ ਉਨ੍ਹਾਂ ਵੱਲੋਂ ਦਰਸਾਏ ਅਨੁਸਾਰ ਇਨ੍ਹਾਂ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਲਈ ਬੀ.ਓ.ਜੀ. ਦਾ ਗਠਨ NPIU ਵੱਲੋਂ ਨਿਰਧਾਰਤ ਗਾਈਲਾਈਨਾਂ ਅਨੁਸਾਰ ਕੀਤਾ ਜਾਣਾ ਹੈ, ਜੋ ਕਿ ਹੇਠ ਅਨੁਸਾਰ ਹੈ:-

**The Chairperson has to be an eminent educationist/ industrialist (should not be an employee of the institution, a serving Govt. official or an elected peoples' representative). In case of a Govt. official or an elected peoples' representative being presently the Chairman of the BOG, time up to 31st October 2011 would be given to comply with the condition of Chairperson to be eminent educationist/**

industrialist. Release of funds to such selected institutions depends on compliance with this condition.

ਉਪਰੋਕਤ ਅਨੁਸਾਰ ਸੰਸਥਾ ਦਾ ਬੋਰਡ ਆਫ ਗਵਰਨਰਜ ਦਾ ਮੁੱਖੀ ਕੋਈ ਪ੍ਰਸਿੱਧ ਸਿਖਿਅਕ ਜਾਂ ਉਦਯੋਗਪਤੀ ਹੋਣਾ ਚਾਹੀਦਾ ਹੈ। ਇਸ ਟੈਕਨੀਕਲ ਐਜੂਕੇਸ਼ਨ ਕੁਆਲਟੀ ਇੰਪਰੂਵਮੈਂਟ ਪ੍ਰੋਗਰਾਮ ਫੇਜ-2 (TEQIP-II) ਲਈ ਗੌਰਮਿੰਟ ਪ੍ਰੋਮੋਟਿਡ ਸੰਸਥਾ ਬੇਅੰਤ ਕਾਲਜ ਆਫ ਇੰਜ: ਅਤੇ ਟੈਕ:, ਗੁਰਦਾਸਪੁਰ ਨੂੰ ਪ੍ਰੋਵੀਜਨਲੀ ਇਲਜੀਬਲ ਪਾਇਆ ਗਿਆ ਹੈ।

ਬੇਅੰਤ ਕਾਲਜ ਆਫ ਇੰਜ: ਅਤੇ ਟੈਕ:, ਗੁਰਦਾਸਪੁਰ; ਪੰਜਾਬ ਸਰਕਾਰ ਵੱਲੋਂ ਬਣਾਈ ਗਈ ਖੁਦਮੁਖਤਿਆਰ ਸੁਸਾਇਟੀ ਰਾਹੀਂ ਚਲਾਈ ਜਾ ਰਹੀ ਹੈ ਅਤੇ ਇਸ ਸੁਸਾਇਟੀ ਦੇ ਬੋਰਡ ਆਫ ਗਵਰਨਰਜ ਦੇ ਚੇਅਰਮੈਨ ਮਾਨਯੋਗ ਤਕਨੀਕੀ ਸਿਖਿਆ ਮੰਤਰੀ ਜੀ ਹਨ। ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਵੱਲੋਂ ਬੋਰਡ ਆਫ ਗਵਰਨਰਜ ਦੀ ਬਣਤਰ ਦੀ ਉਪਰੋਕਤ ਸ਼ਰਤ ਨੂੰ ਪੂਰਾ ਕਰਨ ਲਈ ਕਿਹਾ ਗਿਆ ਹੈ, ਜਿਸ ਸਬੰਧ ਵਿੱਚ ਮਾਨਯੋਗ ਤਕਨੀਕੀ ਸਿਖਿਆ ਮੰਤਰੀ ਜੀ ਵੱਲੋਂ ਬੀ.ਓ.ਜੀ. ਦੇ ਚੇਅਰਪਰਸਨ ਲਈ NPIU ਵੱਲੋਂ ਜਾਰੀ ਗਾਈਡਲਾਈਨਾਂ ਅਨੁਸਾਰ ਚੇਅਰਪਰਸਨ, ਪ੍ਰਸਿੱਧ ਸਿਖਿਅਕ ਜਾਂ ਉਦਯੋਗਪਤੀ ਲਗਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਟੈਕਨੀਕਲ ਐਜੂਕੇਸ਼ਨ ਕੁਆਲਟੀ ਇੰਪਰੂਵਮੈਂਟ ਪ੍ਰੋਗਰਾਮ ਫੇਜ-2 (TEQIP-II) ਲਈ ਜਿਨ੍ਹਾਂ ਗੌਰਮਿੰਟ ਪ੍ਰੋਮੋਟਿਡ ਸੰਸਥਾਵਾਂ ਨੂੰ ਪ੍ਰੋਵੀਜਨਲੀ ਤੌਰ ਤੇ ਯੋਗ ਪਾਇਆ ਹੈ । ਉਹਨਾਂ ਸੰਸਥਾਵਾਂ ਦੀ ਸੁਸਾਇਟੀਆਂ ਵਿੱਚ ਲੋੜੀਂਦੀ ਸੋਧ ਕਰਨ ਦੀ ਤਜਵੀਜ ਹੈ। ਟੈਕਨੀਕਲ ਐਜੂਕੇਸ਼ਨ ਕੁਆਲਟੀ ਇੰਪਰੂਵਮੈਂਟ ਪ੍ਰੋਗਰਾਮ ਫੇਜ-2 (TEQIP-II) ਲਈ ਜਿਨ੍ਹਾਂ ਗੌਰਮਿੰਟ ਪ੍ਰੋਮੋਟਿਡ ਸੰਸਥਾਵਾਂ ਨੂੰ ਪ੍ਰੋਵੀਜਨਲੀ ਤੌਰ ਤੇ ਯੋਗ ਪਾਇਆ ਹੈ ਉਨ੍ਹਾਂ ਵਿੱਚ ਬੇਅੰਤ ਕਾਲਜ ਆਫ ਇੰਜ: ਅਤੇ ਟੈਕ:, ਗੁਰਦਾਸਪੁਰ ਇੱਕ ਹੈ।

| *ਲੜੀ ਨੰ:* | *ਮੌਜੂਦਾ ਤਰਮੀਮ* | *ਤਰਮੀਮ ਕੀਤੀ ਤਜਵੀਜ਼* |
|---|---|---|
| 1. | ਸੰਸਥਾ ਦੇ ਨਿਯਮਾਂ ਵਿੱਚ ਬੋਰਡ ਆਫ ਗਵਰਨਰਜ਼ ਦੀ ਰਚਨਾ ਵਿੱਚ ਮਾਨਯੋਗ ਤਕਨੀਕੀ ਸਿੱਖਿਆ ਮੰਤਰੀ, ਪੰਜਾਬ ਚੇਅਰਮੈਨ ਵਜੋਂ ਨਾਮਜ਼ਦ ਹਨ। | ਸੰਸਥਾ ਦੇ ਨਿਯਮਾਂ ਵਿੱਚ ਬੋਰਡ ਆਫ ਗਵਰਨਰਜ਼ ਦੀ ਰਚਨਾ ਵਿੱਚ ਕੋਈ ਪ੍ਰਸਿੱਧ ਸਿੱਖਿਅਕ ਜਾਂ ਉਦਯੋਗਪਤੀ ਚੇਅਰਮੈਨ ਵਜੋਂ ਨਾਮਜ਼ਦ ਕੀਤਾ ਜਾਣਾ ਹੈ। |

ਆਈਟਮ ਵਿਚਾਰ ਵਟਾਂਦਰੇ ਹਿੱਤ ਜੀ।